ਪੰਜਾਬ ਸਰਕਾਰ
ਖੇਤੀਬਾੜੀ ਵਿਭਾਗ
(ਖੇਤੀਬਾੜੀ-2 ਸ਼ਾਖਾ)

ਡਾਇਰੈਕਟਰ ਖੇਤੀਬਾੜੀ ਪੰਜਾਬ
ਡਾਇਰੀ ਨੰ 2123
ਮਿਤੀ 9-9-16

## ਅਧਿਸੂਚਨਾ

ਨੰ:8/39/2016-ਖਬ-2(10)/ ਚੰਡੀਗੜ੍ਹ, ਮਿਤੀ:

ਪੰਜਾਬ ਖੇਤੀ ਨਿਪਟਾਰਾ ਐਕਟ, 2016 ਦੇ ਸੈਕਸ਼ਨ-4 ਅਧੀਨ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ The Punjab Settlement of Agricultural Indebtedness Act, 2016 ਅਧੀਨ ਵਿਆਜ ਦੀ ਦਰ ਹੇਠ ਲਿਖੇ ਮੁਤਾਬਕ ਹੋਵੇਗੀ:-

"ਐਸ.ਬੀ.ਆਈ. ਦਾ ਬੇਸ ਰੇਟ (ਜੋ ਕਿ ਇਸ ਵਕਤ 9.30% ਹੈ) + ਨਾਬਾਰਡ ਵੱਲੋਂ ਕੋਆਪਰੇਟਿਵ ਸੋਸਾਈਟੀਆਂ ਨੂੰ ਅਲਾਓ ਕੀਤਾ ਜਾਂਦਾ ਓਵਰ ਹੈਡ ( ਜੋ ਕਿ ਇਸ ਵਕਤ 2.50% ਹੈ)"

ਪ.ਨੂ.ਮ 8/9

2. ਇਸ ਤਰ੍ਹਾਂ ਮੌਜੂਦਾ ਵਿਆਜ ਦਰ ਕੁੱਲ 9.30 + 2.50 = 11.80% ਬਣਦੀ ਹੈ। ਇਹ ਵਿਆਜ ਦੀ ਦਰ ਸਟੇਟ ਬੈਂਕ ਆਫ ਇੰਡੀਆ ਦੇ ਬੇਸ ਰੇਟ ਮੁਤਾਬਿਕ ਅਤੇ ਨਬਾਰਡ ਵੱਲੋਂ ਕੋਆਪਰੇਟਿਵ ਸੋਸਾਇਟੀਆਂ ਨੂੰ ਦਿੱਤੇ ਜਾਣ ਵਾਲੇ ਓਵਰ ਹੈਡ ਮੁਤਾਬਿਕ ਆਪਣੇ ਆਪ ਵੱਧਦੀ ਘੱਟਦੀ ਰਹੇਗੀ ਤੇ ਸਰਕਾਰ ਵੱਲੋ ਬਾਰ-ਬਾਰ ਨਵੇਂ ਰੇਟ ਨੋਟੀਫਾਈ ਕਰਨ ਦੀ ਲੋੜ ਨਹੀਂ ਹੋਵੇਗੀ।

ਚੰਡੀਗੜ੍ਹ, ਮਿਤੀ:
1-9-16

ਐਨ.ਐਸ. ਕਲਸੀ
ਵਧੀਕ ਮੁੱਖ ਸਕੱਤਰ (ਵਿਕਾਸ)

ਪਿੱਠ ਅੰਕਣ ਨੰ: 8/39/2016-ਖਬ-2(10)/ ਚੰਡੀਗੜ੍ਹ, ਮਿਤੀ:

ਇਸ ਦਾ ਇਕ ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਪੰਜਾਬ, ਚੰਡੀਗੜ੍ਹ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸ਼ਨ ਨੂੰ ਸਰਕਾਰੀ ਗਜ਼ਟ ਵਿੱਚ ਛਪਵਾਇਆ ਜਾਵੇ ਅਤੇ ਪ੍ਰਿੰਟ ਕੀਤੇ ਨੋਟੀਫਿਕੇਸ਼ਨ ਦੀਆਂ 50 ਕਾਪੀਆਂ ਸਰਕਾਰ ਨੂੰ ਭੇਜੀਆਂ ਜਾਣ।

ਦ/-
ਅਧੀਨ ਸਕੱਤਰ ਖੇਤੀਬਾੜੀ

ਪਿੱਠ ਅੰਕਣ ਨੰ: 8/39/2016-ਖਬ-2(10)/ ਚੰਡੀਗੜ੍ਹ, ਮਿਤੀ:

ਉਪਰੋਕਤ ਦਾ ਇਕ ਉਤਾਰਾ ਜਨਰਲ ਮੈਨੇਜਰ, ਸਟੇਟ ਬੈਂਕ ਆਫ ਇੰਡੀਆ, ਜੋਨਲ ਆਫਿਸ ਸੈਕਟਰ 17, ਚੰਡੀਗੜ੍ਹ ਅਤੇ ਚੀਫ ਜਨਰਲ ਮੈਨੇਜਰ, ਨਾਬਾਰਡ ਸੈਕਟਰ 34, ਚੰਡੀਗੜ੍ਹ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਵਿਆਜ ਦੀ ਦਰ ਤਰਮੀਮ ਸਬੰਧੀ ਸਮੇਂ ਸਮੇਂ ਤੇ ਡਾਇਰੈਕਟਰ ਖੇਤੀਬਾੜੀ, ਪੰਜਾਬ ਨੂੰ ਸੂਚਿਤ ਕੀਤਾ ਜਾਵੇ।

ਦ/-
ਅਧੀਨ ਸਕੱਤਰ ਖੇਤੀਬਾੜੀ

ਪਿੱਠ ਅੰਕਣ ਨੰ: 8/39/2016-ਖਬ-2(10)/ 9366 ਚੰਡੀਗੜ੍ਹ, ਮਿਤੀ: 06-9-16

ਉਪਰੋਕਤ ਦਾ ਇਕ ਉਤਾਰਾ ਡਾਇਰੈਕਟਰ ਖੇਤੀਬਾੜੀ, ਪੰਜਾਬ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਨਰਲ ਮੈਨੇਜਰ, ਸਟੇਟ ਬੈਂਕ ਆਫ ਇੰਡੀਆ, ਜੋਨਲ ਆਫਿਸ ਸੈਕਟਰ 17, ਚੰਡੀਗੜ੍ਹ ਅਤੇ ਚੀਫ ਜਨਰਲ ਮੈਨੇਜਰ, ਨਾਬਾਰਡ ਸੈਕਟਰ 34, ਚੰਡੀਗੜ੍ਹ ਨਾਲ ਵਿਆਜ ਦੀ ਦਰ ਤਰਮੀਮ ਸਬੰਧੀ ਤਾਲਮੇਲ ਜਾਰੀ ਰੱਖਣ ਅਤੇ ਉਨ੍ਹਾਂ ਨੂੰ ਜਦੋਂ ਵੀ ਸੂਚਨਾ ਮਿਲਦੀ ਹੈ ਜਿਲ੍ਹਾ ਫੋਰਮ ਨੂੰ ਸੂਚਿਤ ਕਰਨਾ ਯਕੀਨੀ ਬਨਾਉਣ।

ਅਧੀਨ ਸਕੱਤਰ ਖੇਤੀਬਾੜੀ